**ਅਨੁਵਾਦ ਬਾਰੇ ਬੇਦਾਅਵਾ:**

New Jersey Campaign Contributions and Expenditures Reporting Act (ਨਿਊ ਜਰਸੀ ਮੁਹਿੰਮ ਯੋਗਦਾਨ ਅਤੇ ਖਰਚ ਰਿਪੋਰਟਿੰਗ ਅਧਿਨਿਯਮ), N.J.S.A. 19:44A-37, ਗਵਰਨਰ ਦੇ ਅਹੁਦੇ ਲਈ ਉਮੀਦਵਾਰਾਂ ਨੂੰ, ਵੱਧ ਤੋਂ ਵੱਧ 500 ਸ਼ਬਦਾਂ ਵਿੱਚ, ਬਿਆਨ ਦੇਣ ਦੀ ਇਜਾਜ਼ਤ ਦਿੰਦਾ ਹੈ, ਤਾਂ ਜੋ ਉਮੀਦਵਾਰਾਂ ਵਿੱਚੋਂ ਚੋਣ ਕਰਨ ਵਿੱਚ ਇਸ ਰਾਜ ਦੇ ਵੋਟਰਾਂ ਦੀ ਸਹਾਇਤਾ ਕੀਤੀ ਜਾ ਸਕੇ। New Jersey Election Law Enforcement Commission (ਨਿਊ ਜਰਸੀ ਚੋਣ ਕਾਨੂੰਨ ਲਾਗੂਕਰਨ ਕਮਿਸ਼ਨ) (ELEC), ਇੱਕ ਕਾਨਟ੍ਰੈਕਟਰ ਰਾਹੀਂ, ਹੇਠਾਂ ਦਿੱਤੇ ਅਨੁਵਾਦਿਤ ਬਿਆਨ ਪ੍ਰਦਾਨ ਕਰ ਰਿਹਾ ਹੈ, ਤਾਂ ਜੋ ਇਸ ਦੀਆਂ ਵੈੱਬਸਾਈਟਾਂ ਨੂੰ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਪੜ੍ਹਨ ਵਿੱਚ ਤੁਹਾਡੀ ਸਹਾਇਤਾ ਕੀਤੀ ਜਾ ਸਕੇ। ਕੋਈ ਵੀ ਅਨੁਵਾਦ ਸਿਰਫ਼ ਸਹੂਲਤ ਲਈ ਦਿੱਤਾ ਗਿਆ ਹੈ ਅਤੇ ਇਹ ਅਧਿਕਾਰਤ ELEC ਦਸਤਾਵੇਜ਼ ਨਹੀਂ ਹੈ। ਨਾ ਤਾਂ ELEC ਅਤੇ ਨਾ ਹੀ ਇਸਦਾ ਕਾਨਟ੍ਰੈਕਟਰ ਅਨੁਵਾਦਾਂ ਦੀ ਸਟੀਕਤਾ ਜਾਂ ਉਨ੍ਹਾਂ ਦੀ ਭਰੋਸੇਯੋਗਤਾ, ਉਪਲਬਧਤਾ, ਜਾਂ ਤੁਹਾਡੀਆਂ ਖਾਸ ਭਾਸ਼ਾ ਸੰਬੰਧੀ ਲੋੜਾਂ ਨੂੰ ਪੂਰਾ ਕਰਨ ਦੀ ਸਮਰੱਥਾ ਬਾਰੇ ਕੋਈ ਵਾਅਦਾ, ਭਰੋਸਾ ਜਾਂ ਗਾਰੰਟੀ ਦਿੰਦੇ ਹਨ। ਜੇਕਰ ਤੁਸੀਂ ਇਸ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਅਨੁਵਾਦਿਤ ਜਾਣਕਾਰੀ 'ਤੇ ਭਰੋਸਾ ਕਰਦੇ ਹੋ, ਤਾਂ ਤੁਸੀਂ ਅਜਿਹਾ ਆਪਣੇ ਜੋਖ਼ਮ 'ਤੇ ਕਰ ਰਹੇ ਹੋ।

ELEC ਕਰਮਚਾਰੀ, ਏਜੰਟ, ਅਤੇ ਕਾਨਟ੍ਰੈਕਟਰ ਅਨੁਵਾਦਿਤ ਬਿਆਨਾਂ ਦੀ ਤੁਹਾਡੀ ਵਰਤੋਂ ਤੋਂ ਜਾਂ ਇਸ ਦੇ ਸੰਬੰਧ ਵਿੱਚ ਹੋਣ ਵਾਲੇ ਕਿਸੇ ਵੀ ਕਿਸਮ ਦੇ ਨੁਕਸਾਨ ਜਾਂ ਘਾਟੇ ਲਈ ਜ਼ਿੰਮੇਵਾਰ ਨਹੀਂ ਹੋਣਗੇ, ਜਿਸ ਵਿੱਚ ਅਨੁਵਾਦ ਦੀ ਸ਼ੁੱਧਤਾ 'ਤੇ ਤੁਹਾਡੀ ਨਿਰਭਰਤਾ ਕਾਰਨ ਹੋਏ ਨੁਕਸਾਨ ਜਾਂ ਘਾਟੇ, ਜਾਂ ਅਨੁਵਾਦ ਨੂੰ ਦੇਖਣ, ਵੰਡਣ ਜਾਂ ਕਾਪੀ ਕਰਨ ਤੋਂ ਹੋਏ ਨੁਕਸਾਨ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ।

## 2025 ਨਿਊ ਜਰਸੀ ਗਵਰਨਰ ਲਈ ਉਮੀਦਵਾਰ ਦਾ ਬਿਆਨ
(500 ਸ਼ਬਦਾਂ ਤੋਂ ਵੱਧ ਨਹੀਂ)

Jack Ciattarelli (ਜੈਕ ਸਿਆਟਾਰੇਲੀ)
ਉਮੀਦਵਾਰ ਦਾ ਨਾਮ:

ਰਿਪਬਲਿਕਨ
ਬੈਲਟ 'ਤੇ ਅਹੁਦਾ/ਰਾਜਨੀਤਿਕ ਪਾਰਟੀ:

ਨਿਊ ਜਰਸੀ ਨੂੰ ਅਸਲ ਬਦਲਾਅ ਦੀ ਲੋੜ ਹੈ - ਅਤੇ ਮੈਂ ਇਕਲੌਤਾ ਉਮੀਦਵਾਰ ਹਾਂ ਜਿਸ ਕੋਲ ਇਹ ਕਰਨ ਲਈ ਇੱਕ ਅਸਲ ਯੋਜਨਾ ਹੈ।

ਮੇਰੇ ਪ੍ਰਵਾਸੀ ਦਾਦਾ-ਦਾਦੀ 100 ਸਾਲ ਪਹਿਲਾਂ ਨਿਊ ਜਰਸੀ ਆਏ ਸਨ ਅਤੇ ਉਨ੍ਹਾਂ ਨੇ - ਮੇਰੇ ਆਪਣੇ ਮਾਪਿਆਂ ਦੇ ਨਾਲ - ਅਮਰੀਕੀ ਸੁਪਨਾ ਹਾਸਲ ਕੀਤਾ। ਅਜਿਹਾ ਕਰਦਿਆਂ, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਕੁਰਬਾਨੀ ਨੇ ਮੇਰੇ ਅਤੇ ਮੇਰੇ ਭੈਣਾਂ-ਭਰਾਵਾਂ ਲਈ ਇੱਕ ਮਿਸਾਲ ਕਾਇਮ ਕੀਤੀ ਅਤੇ ਇੱਕ ਮਜ਼ਬੂਤ ਮੱਧ-ਵਰਗੀ ਪਾਲਣ-ਪੋਸ਼ਣ ਪ੍ਰਦਾਨ ਕੀਤਾ।

ਮੈਨੂੰ ਮਾਣ ਹੈ ਕਿ ਮੈਂ ਆਪਣੇ ਚਾਰ ਬਾਲਗ ਬੱਚਿਆਂ ਲਈ ਵੀ ਅਜਿਹਾ ਕਰਨ ਵਿੱਚ ਮਦਦ ਕੀਤੀ, ਜੋ ਲੋ ਸਾਰੇ ਆਪਣੇ-ਆਪਣੇ ਸਫਲ ਕਰੀਅਰ ਵਿੱਚ ਖੁਸ਼ਹਾਲ ਹਨ - ਤਿੰਨ ਨਿਊ ਜਰਸੀ ਵਿੱਚ ਅਤੇ ਇੱਕ ਵਿਦੇਸ਼ਾਂ ਵਿੱਚ ਸਾਡੇ ਦੇਸ਼ ਦੀ ਸੇਵਾ ਕਰ ਰਿਹਾ ਹੈ।

ਬਦਕਿਸਮਤੀ ਨਾਲ, ਜਿਨ੍ਹਾਂ ਮੌਕਿਆਂ ਦਾ ਅਸੀਂ ਸਾਰਿਆਂ ਨੇ ਆਨੰਦ ਮਾਣਿਆ ਸੀ, ਉਹ ਅੱਜ ਦੀ ਪੀੜ੍ਹੀ ਅਤੇ ਅਗਲੀ ਪੀੜ੍ਹੀ ਦੀ ਪਹੁੰਚ ਤੋਂ ਬਾਹਰ ਹੁੰਦੇ ਜਾ ਰਹੇ ਹਨ।

ਨਿਊ ਜਰਸੀ ਤੇਜ਼ੀ ਨਾਲ ਮਹਿੰਗਾ, ਘੱਟ ਸੁਰੱਖਿਅਤ, ਅਤੇ ਸਿਆਸਤਦਾਨਾਂ ਅਤੇ ਵਿਸ਼ੇਸ਼ ਹਿੱਤਾਂ ਦੁਆਰਾ ਨਿਯੰਤ੍ਰਿਤ ਹੁੰਦਾ ਗਿਆ ਹੈ ਜੋ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ ਕੰਮ ਕਰਨ ਵਾਲੇ ਪਰਿਵਾਰਾਂ, ਬਜ਼ੁਰਗਾਂ, ਨੌਜਵਾਨਾਂ, ਅਤੇ ਉੱਦਮੀਆਂ ਲਈ ਕੀ ਮਹੱਤਵਪੂਰਨ ਹੈ; ਅਤੇ ਨਾ ਹੀ ਉਹ ਉਨ੍ਹਾਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੀ ਪਰਵਾਹ ਕਰਦੇ ਹਨ ਜੋ ਸਾਡੇ ਦਿਲ ਦੇ ਨੇੜੇ ਹਨ।

ਗਵਰਨਰ ਮਰਫ਼ੀ ਦੇ 8 ਸਾਲਾਂ ਅਤੇ ਰਾਜ ਵਿਧਾਨ ਸਭਾ 'ਤੇ 25 ਸਾਲਾਂ ਦੇ ਇੱਕ-ਪਾਰਟੀ ਡੈਮੋਕ੍ਰੇਟ ਦੇ ਕੰਟ੍ਰੋਲ ਤੋਂ ਬਾਅਦ, ਸਾਡਾ ਰਾਜ ਟੁੱਟ ਗਿਆ ਹੈ। ਮੇਰਾ ਵਿਰੋਧੀ - ਜੋ ਕਿ ਨਾ ਤਾਂ ਨਿਊ ਜਰਸੀ ਤੋਂ ਹੈ ਅਤੇ ਨਾ ਹੀ ਸਾਡੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਨੂੰ ਸਮਝਦਾ ਹੈ - ਇਨ੍ਹਾਂ ਅਸਫਲ ਨੀਤੀਆਂ ਨੂੰ ਜਾਰੀ ਰੱਖੇਗਾ ਅਤੇ ਸਾਨੂੰ ਗਲਤ ਦਿਸ਼ਾ ਵੱਲ ਲੈ ਜਾਵੇਗਾ। ਅਸੀਂ ਬਸ 4 ਹੋਰ ਸਾਲ ਮੌਜੂਦਾ ਸਥਿਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

ਇਸੇ ਲਈ, ਤੁਹਾਡੇ ਸਮਰਥਨ ਨਾਲ ਅਤੇ ਤੁਹਾਡੇ ਗਵਰਨਰ ਵਜੋਂ, ਮੈਂ ਇਹ ਕਰਾਂਗਾ:

ਪ੍ਰਾਪਰਟੀ ਟੈਕਸਾਂ ਨੂੰ ਘਟਾਉਣਾ ਅਤੇ ਸੀਮਿਤ ਕਰਨਾ ਤਾਂ ਜੋ ਕੰਮਕਾਜੀ ਪਰਿਵਾਰ ਅਤੇ ਨੌਜਵਾਨ ਘਰ ਖਰੀਦਣ ਦੀ ਸਮਰੱਥਾ ਰੱਖ ਸਕਣ, ਨਾਲ ਹੀ ਸੀਨੀਅਰ ਪ੍ਰਾਪਰਟੀ ਟੈਕਸ ਫ੍ਰੀਜ਼ ਨੂੰ ਅੱਗੇ ਵਧਾਉਣਾ।

ਸਾਫ਼ ਕੁਦਰਤੀ ਗੈਸ, ਨਿਊਕਲੀਅਰ, ਅਤੇ ਸੋਲਰ ਊਰਜਾ ਵਿੱਚ ਨਿਵੇਸ਼ ਕਰਨਾ, ਅਤੇ ਗਵਰਨਰ Murphy (ਮਰਫ਼ੀ) ਦੁਆਰਾ ਬੰਦ ਕੀਤੇ ਗਏ ਪਾਵਰ ਪਲਾਂਟਸ ਨੂੰ ਦੁਬਾਰਾ ਖੋਲ੍ਹ ਕੇ ਸਾਡੇ ਮਹੀਨਾਵਾਰ ਬਿਜਲੀ ਬਿੱਲਾਂ ਨੂੰ ਤੁਰੰਤ ਘਟਾਉਣਾ, ਆਫਸ਼ੋਰ ਵਿੰਡ ਅਤੇ ਇਲੈਕਟ੍ਰੀਕਲ ਵਾਹਨ ਜਨਾਦੇਸ਼ਾਂ ਨੂੰ ਖਤਮ ਕਰਨਾ, ਅਤੇ ਨਿਊ ਜਰਸੀ ਨੂੰ Regional Greenhouse Gas Initiative (ਖੇਤਰੀ ਗ੍ਰੀਨਹਾਊਸ ਗੈਸ ਪਹਿਲਕਦਮੀ) (RGGI) ਤੋਂ ਬਾਹਰ ਕਰ ਕੇ ਰੇਟ ਦੇਣ ਵਾਲਿਆਂ ਦੇ $300+ ਮਿਲੀਅਨ ਬਚਾਉਣੇ। ਮੈਂ ਪੂਰੇ Board of Public Utilities (ਪਬਲਿਕ ਯੂਟਿਲਿਟੀਜ਼ ਬੋਰਡ) ਤੋਂ ਅਸਤੀਫ਼ੇ ਦੀ ਮੰਗ ਕਰਕੇ, ਬੋਰਡ ਵਿਖੇ ਵੀ ਸਫਾਈ ਕਰਾਂਗਾ।

ਰਾਜ ਸਰਕਾਰ ਦੇ ਆਕਾਰ ਅਤੇ ਲਾਗਤ ਨੂੰ ਜ਼ਿੰਮੇਵਾਰੀ ਨਾਲ ਘਟਾਉਣਾ, ਬਰਬਾਦੀ ਨੂੰ ਖਤਮ ਕਰਨ ਅਤੇ ਰੋਕਣ ਲਈ ਲਾਈਨ-ਆਈਟਮ ਵੀਟੋ ਪੈੱਨ ਦੀ ਹਮਲਾਵਰ ਵਰਤੋਂ ਕਰਨੀ।

# 2025 ਨਿਊ ਜਰਸੀ ਗਵਰਨਰ ਲਈ ਉਮੀਦਵਾਰ ਦਾ ਬਿਆਨ

Jack Ciattarelli (ਜੈਕ ਸਿਆਟਾਰੇਲੀ)

ਉਮੀਦਵਾਰ ਦਾ ਨਾਮ:

ਪੰਜ ਸਾਲਾਂ ਲਈ Corporation Business Tax (ਕਾਰਪੋਰੇਸ਼ਨ ਬਿਜ਼ਨਸ ਟੈਕਸ) ਨੂੰ ਪ੍ਰਤੀ ਸਾਲ ਇੱਕ ਪ੍ਰਤਿਸ਼ਤ ਘਟਾਉਣਾ, ਇਸਨੂੰ ਦੇਸ਼ ਵਿੱਚ ਸਭ ਤੋਂ ਉੱਚੀ ਦਰ ਤੋਂ ਰਾਸ਼ਟਰੀ ਪੱਧਰ 'ਤੇ ਪ੍ਰਤਿਯੋਗੀ ਦਰ 'ਤੇ ਲਿਜਾਉਣਾ; ਅਤੇ ਸਾਰੇ ਟੈਕਸਦਾਤਾਵਾਂ ਲਈ ਆਮਦਨ ਟੈਕਸ ਨੂੰ ਘਟਾਉਣਾ, ਟੈਕਸ ਬ੍ਰੈਕਟਾਂ ਨੂੰ ਇਕਜੁੱਟ ਕਰਨਾ, ਘਰਾਂ ਦੇ ਸੁਧਾਰਾਂ 'ਤੇ ਟੈਕਸ ਵਾਧੇ ਨੂੰ ਰੋਕਣਾ, ਅਤੇ ਵਿਦਿਆਰਥੀ ਕਰਜ਼ੇ ਦੇ ਵਿਆਜ ਨੂੰ ਟੈਕਸ ਕਟੌਤੀਯੋਗ ਬਣਾਉਣਾ।

ਆਖਰੀ, ਪਰ ਘੱਟ ਮਹੱਤਵਪੂਰਨ ਨਹੀਂ, ਨਿਊ ਜਰਸੀ ਨੂੰ ਨੌਜਵਾਨਾਂ ਲਈ ਵਧੇਰੇ ਕਿਫ਼ਾਇਤੀ ਬਣਾਉਣਾ, ਮੈਂ ਹਾਈ ਸਕੂਲ ਅਤੇ ਕਾਲਜ ਤੋਂ ਬਾਅਦ ਵਰਕ ਫੋਰਸ ਵਿੱਚ ਪਹਿਲੇ ਦੋ ਸਾਲਾਂ ਨੂੰ ਟੈਕਸ ਫ੍ਰੀ ਬਣਾਵਾਂਗਾ ਅਤੇ ਉਸ ਕਿਸੇ ਲਈ ਵੀ ਰਾਜ ਵਿੱਚ ਅਤੇ ਰਾਜ ਤੋਂ ਬਾਹਰ ਟਿਊਸ਼ਨ ਵਿੱਚਲੇ ਫਰਕ ਦੀ ਰਕਮ ਵਾਪਸ ਕਰਾਂਗਾ ਜੋ ਇੱਥੇ ਕਾਲਜ ਜਾਂਦਾ ਹੈ ਅਤੇ ਫਿਰ ਗ੍ਰੈਜੂਏਸ਼ਨ ਤੋਂ ਬਾਅਦ ਘੱਟੋ-ਘੱਟ ਤਿੰਨ ਸਾਲਾਂ ਲਈ ਰਾਜ ਵਿੱਚ ਰਹਿੰਦਾ ਹੈ ਅਤੇ ਕੰਮ ਕਰਦਾ ਹੈ।

ਮੈਂ ਸਾਰਿਆਂ ਨੂੰ ਤਾਕੀਦ ਕਰਦਾ ਹਾਂ ਕਿ ਮੇਰੀ ਵੈੱਬਸਾਈਟ www.Jack4NJ.com 'ਤੇ ਜਾਓ ਅਤੇ ਉਸ ਰਾਜ ਨੂੰ ਠੀਕ ਕਰਨ ਲਈ ਮੇਰੀਆਂ ਵਿਸਤ੍ਰਿਤ ਯੋਜਨਾਵਾਂ ਬਾਰੇ ਹੋਰ ਪੜ੍ਹੋ ਜਿਸਨੂੰ ਅਸੀਂ ਸਾਰੇ ਪਿਆਰ ਕਰਦੇ ਹਾਂ। ਤੁਹਾਡਾ ਗਵਰਨਰ ਬਣਨਾ ਮੇਰੇ ਲਈ ਜ਼ਿੰਦਗੀ ਭਰ ਦਾ ਸਨਮਾਨ ਹੋਵੇਗਾ, ਅਤੇ ਮੈਂ ਤੁਹਾਡਾ ਸਮਰਥਨ ਅਤੇ ਵੋਟ ਪ੍ਰਾਪਤ ਕਰਨ ਦੀ ਉਮੀਦ ਕਰਦਾ ਹਾਂ।

9/5/2025

ਤਾਰੀਖ਼:

Jack Ciatt

ਉਮੀਦਵਾਰ ਦੇ ਦਸਤਖ਼ਤ:

# 2025 ਨਿਊ ਜਰਸੀ ਗਵਰਨਰ ਲਈ ਉਮੀਦਵਾਰ ਦਾ ਬਿਆਨ

(500 ਸ਼ਬਦਾਂ ਤੋਂ ਵੱਧ ਨਹੀਂ)

Mikie Sherrill (ਮਿਕੀ ਸ਼ੈਰਿਲ) — ਡੈਮੋਕ੍ਰੇਟਿਕ

ਉਮੀਦਵਾਰ ਦਾ ਨਾਮ: — ਬੈਲਟ 'ਤੇ ਅਹੁਦਾ/ਰਾਜਨੀਤਿਕ ਪਾਰਟੀ:

ਮੈਂ ਸੰਵਿਧਾਨ ਪ੍ਰਤੀ ਆਪਣੀ ਪਹਿਲੀ ਸਹੁੰ ਉਦੋਂ ਚੁੱਕੀ ਸੀ ਜਦੋਂ ਮੈਂ 18 ਸਾਲ ਦਾ ਸੀ ਅਤੇ U.S. Naval Academy (ਅਮਰੀਕੀ ਨੇਵਲ ਅਕੈਡਮੀ) ਵਿੱਚ ਦਾਖ਼ਲ ਹੋ ਰਹੀ ਸੀ। ਮੈਂ ਹੈਲੀਕਾਪਟਰ ਪਾਇਲਟ ਅਤੇ ਰੂਸੀ ਨੀਤੀ ਅਧਿਕਾਰੀ ਵਜੋਂ ਸਰਗਰਮ ਡਿਊਟੀ 'ਤੇ ਲਗਭਗ 10 ਸਾਲ ਬਿਤਾਏ, ਜਿੱਥੇ ਮੈਂ ਆਪਣੀ ਟੀਮ ਅਤੇ ਆਪਣੇ ਆਪ ਤੋਂ ਉੱਚੀਆਂ ਉਮੀਦਾਂ ਨਾਲ ਅਗਵਾਈ ਕੀਤੀ। ਮੈਂ ਨਿਊ ਜਰਸੀ ਵਿੱਚ ਅਮਰੀਕਾ ਦੇ ਅਟਾਰਨੀ ਦੇ ਆਫ਼ਿਸ ਵਿੱਚ ਸ਼ਾਮਲ ਹੋਈ, ਜਿੱਥੇ ਮੈਂ ਜਨਤਕ ਸੁਰੱਖਿਆ ਦੀ ਰੱਖਿਆ ਕਰਨ ਲਈ ਆਪਣੇ ਭਾਈਚਾਰਿਆਂ ਨੂੰ ਅੱਗੇ ਅਤੇ
ਕੇਂਦਰ ਵਿੱਚ ਰੱਖਿਆ।

ਮੈਨੂੰ ਨਿਊ ਜਰਸੀ ਨਾਲ ਪਿਆਰ ਹੈ, ਅਤੇ ਮੈਂ ਅਤੇ ਮੇਰੇ ਪਤੀ ਇੱਥੇ ਆਪਣੇ ਚਾਰ ਕਿਸ਼ੋਰ ਬੱਚਿਆਂ ਦੀ ਪਰਵਰਿਸ਼ ਕਰ ਰਹੇ ਹਾਂ। ਮੈਂ ਇਸਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਸਭ ਤੋਂ ਵਧੀਆ ਰਾਜ ਬਣਾਉਣਾ ਚਾਹੁੰਦੀ ਹਾਂ। ਪਰ ਬਹੁਤ ਸਾਰੇ ਨਿਊ ਜਰਸੀ ਵਾਸੀਆਂ ਲਈ, ਗੁਜ਼ਾਰਾ ਕਰਨਾ ਬਹੁਤ ਮੁਸ਼ਕਲ ਹੈ। ਲਾਗਤਾਂ ਵਧਦੀਆਂ ਜਾ ਰਹੀਆਂ ਹਨ, ਸਾਡੇ ਬੱਚੇ ਸੰਘਰਸ਼ ਕਰ ਰਹੇ ਹਨ, ਅਤੇ Trenton (ਟ੍ਰੈਂਟਨ) ਵਿੱਚ ਜਵਾਬਦੇਹੀ ਦੀ ਘਾਟ ਸਾਡੇ ਰਾਜ ਨੂੰ ਪਿੱਛੇ ਛੱਡ ਰਹੀ ਹੈ। ਅਤੇ ਹੁਣ, ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਜ਼ਿੰਦਗੀ ਨੂੰ ਔਖਾ ਬਣਾ ਰਹੀਆਂ ਹਨ ਅਤੇ ਸਾਡੇ ਅਧਿਕਾਰਾਂ ਅਤੇ ਆਜ਼ਾਦੀਆਂ 'ਤੇ ਹਮਲਾ ਕਰ ਰਹੀਆਂ ਹਨ।

ਮੈਂ ਗਵਰਨਰ ਲਈ ਚੋਣ ਲੜ ਰਹੀ ਹਾਂ ਕਿਉਂਕਿ ਸਾਨੂੰ ਇੱਕ ਵੱਖਰੀ ਕਿਸਮ ਦੀ ਅਗਵਾਈ ਦੀ ਲੋੜ ਹੈ। ਮੈਂ ਡੈਮੋਕ੍ਰੇਟ ਹਾਂ, ਪਰ ਪਹਿਲਾਂ ਮੈਂ ਨਿਊ ਜਰਸੀ ਦੀ ਨਿਵਾਸੀ ਹਾਂ। ਸਾਡੇ ਰਾਜ ਦੀ ਬੇਹਤਰੀ ਲਈ, ਮੈਂ, ਖਾਸ ਹਿੱਤਾਂ ਤੋਂ ਲੈ ਕੇ ਮੇਰੀ ਪਾਰਟੀ ਤੱਕ, ਕਿਸੇ ਵੀ ਵਿਅਕਤੀ ਦੇ ਵਿਰੁੱਧ ਖੜ੍ਹੀ ਹੋਵਾਂਗੀ।

ਨੇਵੀ ਵਿੱਚ, ਸਾਡੀ ਇੱਕ ਕਹਾਵਤ ਸੀ: Ship, Shipmate, Self (ਜਹਾਜ਼, ਜਹਾਜ਼ 'ਤੇ ਸਾਥੀ, ਸਵੈ)। ਮਿਸ਼ਨ ਕਦੇ ਵੀ ਕਿਸੇ ਇੱਕ ਵਿਅਕਤੀ ਬਾਰੇ ਨਹੀਂ ਹੁੰਦਾ ਸੀ - ਤੁਸੀਂ ਹਮੇਸ਼ਾ ਆਪਣੇ ਸਕੁਐਡਰਨ ਨੂੰ ਆਪਣੇ ਤੋਂ ਅੱਗੇ ਰੱਖਦੇ ਸੀ। ਸਾਨੂੰ ਇਕੱਠੇ ਮਿਲ ਕੇ ਕੰਮ ਕਰਨਾ ਪਵੇਗਾ, ਅਤੇ ਮੈਂ ਤੁਹਾਡੀ ਸੇਵਾ ਕਰਨ ਅਤੇ ਤੁਹਾਡੇ ਪ੍ਰਤੀ ਜਵਾਬਦੇਹ ਹੋਣ ਲਈ ਤਿਆਰ ਹਾਂ।

ਮੈਂ ਹਜ਼ਾਰਾਂ ਨਿਊ ਜਰਸੀ ਵਾਸੀਆਂ ਤੋਂ ਉਨ੍ਹਾਂ ਦੀਆਂ ਕਹਾਣੀਆਂ, ਉਨ੍ਹਾਂ ਦੀਆਂ ਉਮੀਦਾਂ ਸੁਣੀਆਂ ਹਨ, ਅਤੇ ਇਹ ਵੀ ਸੁਣਿਆ ਹੈ ਕਿ ਕਿਹੜੀ ਗੱਲ ਉਨ੍ਹਾਂ ਨੂੰ ਰਾਤ ਨੂੰ ਜਾਗਦੇ ਰੱਖਦੀ ਹੈ। ਜੋ ਗੱਲ ਜ਼ੋਰ-ਸ਼ੋਰ ਨਾਲ ਅਤੇ ਸਪੱਸ਼ਟ ਤੌਰ 'ਤੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਅਸੀਂ ਸਾਰੇ ਇਸ ਰਾਜ ਨੂੰ ਪਿਆਰ ਕਰਦੇ ਹਾਂ। ਮੈਂ ਲੋਕਾਂ ਦੇ ਮਨਪਸੰਦ ਸਮੁੰਦਰੀ ਕੰਢਿਆਂ ਵਾਲੇ ਸ਼ਹਿਰਾਂ ਜਾਂ ਉਨ੍ਹਾਂ ਦੇ ਮਨਪਸੰਦ ਖਾਣ ਦੇ ਸਥਾਨਾਂ ਬਾਰੇ ਲਗਾਤਾਰ ਗੱਲ ਕਰ ਸਕਦੀ ਹਾਂ। ਜਰਸੀ ਵਿੱਚ ਆਪਣੇ ਬੱਚਿਆਂ ਦੀ ਪਰਵਰਿਸ਼ ਨਾ ਕਰ ਸਕਣ ਜਾਂ ਸਨਮਾਨ ਨਾਲ ਰਿਟਾਇਰ ਨਾ ਹੋ ਸਕਣ ਦਾ ਵਿਚਾਰ ਬਿਲਕੁਲ ਵੀ ਸਵੀਕਾਰਨਯੋਗ ਨਹੀਂ ਹੈ। ਅਤੇ ਮੈਂ ਇਹ ਬਰਦਾਸ਼ਤ ਨਹੀਂ ਕਰਾਂਗੀ।

ਇਸ ਲਈ ਤੁਹਾਡੇ ਗਵਰਨਰ ਵਜੋਂ ਇਹ ਮੇਰਾ ਤੁਹਾਡੇ ਨਾਲ ਵਾਅਦਾ ਹੈ। ਮੈਂ ਇਹ ਕਰਾਂਗੀ:

- **ਲਾਗਤਾਂ ਨੂੰ ਘਟਾਉਣਾ, ਤੁਹਾਡੇ ਊਰਜਾ ਬਿੱਲਾਂ ਤੋਂ ਸ਼ੁਰੂਆਤ ਕਰਦੇ ਹੋਏ।** ਪਹਿਲੇ ਦਿਨ, ਮੈਂ Utility Costs (ਉਪਯੋਗਤਾ ਲਾਗਤਾਂ) 'ਤੇ State of Emergency (ਐਮਰਜੈਂਸੀ ਦੀ ਸਥਿਤੀ) ਦਾ ਐਲਾਨ ਕਰਾਂਗੀ, ਦਰਾਂ ਵਿੱਚ ਵਾਧੇ ਨੂੰ ਰੋਕਾਂਗੀ, ਅਤੇ ਨਵੇਂ ਊਰਜਾ ਬੁਨਿਆਦੀ ਢਾਂਚੇ ਅਤੇ ਵਧੇਰੇ ਸਾਫ਼ ਅਤੇ ਸਸਤੀ ਬਿਜਲੀ ਉਤਪਾਦਨ ਦੇ ਦਰਵਾਜ਼ੇ ਖੋਲ੍ਹਾਂਗੀ, ਕਿਉਂਕਿ ਵਧੇਰੇ ਸਪਲਾਈ ਦਾ ਮਤਲਬ ਹੈ ਘੱਟ ਬਿੱਲ। ਅਤੇ ਮੈਂ ਗ੍ਰਿੱਡ ਚਲਾਉਣ ਵਾਲਿਆਂ ਦੇ ਵੱਧ ਰਹੇ ਖਰਚਿਆਂ ਦਾ ਵਿਰੋਧ ਕਰਾਂਗੀ।
- **ਸਾਡੇ ਬੱਚਿਆਂ ਦਾ ਧਿਆਨ ਰੱਖਣਾ।** ਮਾਪੇ ਜਾਣਦੇ ਹਨ ਕਿ ਸਾਡੇ ਬੱਚੇ ਸੰਘਰਸ਼ ਕਰ ਰਹੇ ਹਨ। ਇਸ ਲਈ ਮੈਂ ਸਾਡੇ ਸਕੂਲਾਂ ਵਿੱਚ ਸਰੀਰਕ ਅਤੇ ਮਾਨਸਿਕ ਸਿਹਤ ਸੰਭਾਲ ਸਰੋਤਾਂ ਨੂੰ ਵਧਾਵਾਂਗੀ, ਸਾਡੇ ਬੱਚਿਆਂ ਲਈ ਔਨਲਾਈਨ ਸੁਰੱਖਿਆ ਦੀ ਮੰਗ ਕਰਾਂਗੀ ਅਤੇ ਵੱਡੇ ਤਕਨੀਕੀ ਅਦਾਰਿਆਂ ਨੂੰ ਜਵਾਬਦੇਹ ਬਣਾਵਾਂਗੀ, ਅਤੇ ਵਿਦਿਆਰਥੀਆਂ ਨੂੰ ਵਾਪਸ ਟ੍ਰੈਕ 'ਤੇ ਲਿਆਉਣ ਵਿੱਚ ਮਦਦ ਕਰਨ ਲਈ ਸਾਖਰਤਾ ਅਤੇ ਗਣਿਤ ਵਿੱਚ ਉੱਚ-ਪ੍ਰਭਾਵ ਵਾਲੀ ਪੜ੍ਹਾਈ ਵਰਗੇ ਸਾਬਤ ਹੱਲਾਂ ਵਿੱਚ ਨਿਵੇਸ਼ ਕਰਾਂਗੀ।

# 2025 ਨਿਊ ਜਰਸੀ ਗਵਰਨਰ ਲਈ ਉਮੀਦਵਾਰ ਦਾ ਬਿਆਨ

Mikie Sherrill (ਮਿਕੀ ਸ਼ੈਰਿਲ)
ਉਮੀਦਵਾਰ ਦਾ ਨਾਮ:

- **Trenton (ਟ੍ਰੈਂਟਨ) ਨੂੰ ਪਾਰਦਰਸ਼ੀ ਅਤੇ ਲੋਕਾਂ ਪ੍ਰਤੀ ਜਵਾਬਦੇਹ ਬਣਾਉਣਾ।** ਮੈਂ ਇਹ ਯਕੀਨੀ ਬਣਾਵਾਂਗੀ ਕਿ ਨਿਊ ਜਰਸੀ ਦੇ ਲੋਕ ਇਹ ਦੇਖ ਸਕਣ ਕਿ ਉਨ੍ਹਾਂ ਦੇ ਟੈਕਸ ਡਾਲਰ ਕਿੱਥੇ ਜਾ ਰਹੇ ਹਨ, ਅਤੇ ਨਾਲ ਹੀ ਉਨ੍ਹਾਂ ਪ੍ਰੋਗਰਾਮਾਂ ਦਾ ਕੀ ਪ੍ਰਭਾਵ ਹੈ। ਮੈਂ ਰਾਜ ਸਰਕਾਰ ਨੂੰ ਵੀ ਆਧੁਨਿਕ ਬਣਾਵਾਂਗੀ ਤਾਂ ਜੋ ਇਹ ਨਿਵਾਸੀਆਂ ਅਤੇ ਕਾਰੋਬਾਰਾਂ ਲਈ ਬਿਹਤਰ ਢੰਗ ਨਾਲ ਕੰਮ ਕਰ ਸਕੇ। ਅਤੇ ਮੈਂ ਸਰਕਾਰੀ ਏਜੰਸੀਆਂ ਵਿੱਚ ਗਾਹਕ ਸੇਵਾ ਅਤੇ ਜਵਾਬਦੇਹੀ ਨੂੰ ਵਧਾਵਾਂਗੀ, ਜਿਸ ਨਾਲ ਤੁਹਾਡੇ ਸਮੇਂ ਅਤੇ ਪੈਸੇ ਦੀ ਬਚਤ ਹੋਵੇਗੀ।

ਨਿਊ ਜਰਸੀ ਦੇ ਭਵਿੱਖ ਲਈ ਮੇਰੀ ਪੂਰੀ ਯੋਜਨਾ www.mikiesherrill.com

'ਤੇ ਪੜ੍ਹੋ। ਮੈਨੂੰ ਉਮੀਦ ਹੈ ਕਿ ਮੈਨੂੰ ਤੁਹਾਡੀ ਵੋਟ ਮਿਲੇਗੀ। ਆਓ ਕੰਮ ਤੇ ਲੱਗੀਏ।

15 ਅਗਸਤ 2025
ਤਾਰੀਖ਼:


ਉਮੀਦਵਾਰ ਦੇ ਦਸਤਖ਼ਤ: